# ਕੀਟਨਾਸ਼ਕ ਸੁਰੱਖਿਆ ਜਾਣਕਾਰੀ

dpr

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

N No. 4


# ਫਸਟ ਏਡ ਅਤੇ ਐਮਰਜੈਂਸੀ ਕੀਟਾਣੂ ਰਹਿਤ ਕਰਨਾ

**ਫਸਟ ਏਡ ਸੱਟ ਲੱਗਣ ਜਾਂ ਕੀਟਨਾਸ਼ਕਾਂ ਦਾ ਪ੍ਰਭਾਵ ਹੋਣ ਦੇ ਤੁਰੰਤ ਬਾਅਦ ਬੀਮਾਰ ਜਾਂ ਜ਼ਖਮੀ ਵਿਅਕਤੀ ਨੂੰ ਉਦੋਂ ਤੱਕ ਦਿੱਤੀ ਜਾਣ ਵਾਲੀ ਕੋਈ ਵੀ ਮਦਦ ਹੁੰਦੀ ਹੈ, ਜਦੋਂ ਤੱਕ ਪੂਰੀ ਮੈਡੀਕਲ ਦੇਖਭਾਲ ਉਪਲਬਧ ਨਾ ਹੋਵੇ।** ਜੇ ਕੰਮ 'ਤੇ ਕੋਈ ਬੀਮਾਰ ਹੋ ਜਾਵੇ ਜਾਂ ਕਿਸੇ ਨੂੰ ਨੁਕਸਾਨ ਪਹੁੰਚੇ ਤਾਂ ਹਮੇਸ਼ਾ ਆਪਣੇ ਮਾਲਕ ਨੂੰ ਦੱਸੋ। ਕਦੇ ਵੀ ਬੀਮਾਰ ਜਾਂ ਜ਼ਖਮੀ ਵਿਅਕਤੀ ਨੂੰ ਡਾਕਟਰ ਕੋਲ ਜਾਣ ਲਈ ਖੁਦ ਡ੍ਰਾਈਵ ਨਾ ਕਰੋ।

ਸੁਰੱਖਿਆ ਸਬੰਧੀ ਸੁਝਾਅ

4

**ਐਮਰਜੈਂਸੀ ਦੀ ਸਥਿਤੀ ਵਿੱਚ**

911

ਜਾਂਜ਼ਹਿਰ ਨਿਯੰਤਰਣ ਕੇਂਦਰ ਦੇ ਮੁਫ਼ਤ ਫ਼ੋਨ ਨੰਬਰ,

1-800-222-1222

ਡਾਇਲ ਕਰੋ

ਇਸ ਲੀਫ਼ਲੈਟ (ਪਰਚੇ) ਵਿੱਚ ਉਹ ਉਪਾਅ ਦਿੱਤੇ ਗਏ ਹਨ, ਜੋ ਤੁਸੀਂ ਅਤੇ ਤੁਹਾਡਾ ਮਾਲਕ ਐਮਰਜੈਂਸੀ ਦੀ ਸਥਿਤੀ ਵਿੱਚ ਤਿਆਰ ਹੋਣ ਵਿੱਚ ਮਦਦ ਲਈ ਕਰ ਸਕਦੇ ਹੋ। ਹੋਰਾਂ ਵਿਸ਼ਿਆਂ ਦੇ ਨਾਲ-ਨਾਲ, ਤੁਹਾਡੇ ਮਾਲਕ ਵੱਲੋਂ ਤੁਹਾਡੀ ਕੀਟਨਾਸ਼ਕ ਸੁਰੱਖਿਆ ਟ੍ਰੇਨਿੰਗ ਵਿੱਚ ਇਹ ਸ਼ਾਮਲ ਹੋਣਗੇ:

- ਕੀਟਨਾਸ਼ਕਾਂ ਨਾਲ ਕੰਮ ਕਰਨ ਤੋਂ ਬਾਅਦ ਆਪਣੇ ਹੱਥ, ਸਰੀਰ, ਅਤੇ ਕੱਪੜੇ ਧੋਣਾ ਅਤੇ ਸਾਫ਼ ਕੱਪੜੇ ਬਦਲਣਾ।
- ਕੀਟਨਾਸ਼ਕ ਇਸਤੇਮਾਲ ਉਪਕਰਨ ਅਤੇ ਨਿੱਜੀ ਸੁਰੱਖਿਆ ਉਪਕਰਨ (PPE), ਜਿਸਨੂੰ ਮੁੜ-ਇਸਤੇਮਾਲ ਕੀਤਾ ਜਾ ਸਕਦਾ ਹੈ, ਨੂੰ ਸਾਫ਼ ਕਰਨਾ ਵੀ ਸ਼ਾਮਲ ਹੋ ਸਕਦਾ ਹੈ।
- ਐਮਰਜੈਂਸੀ ਮੈਡੀਕਲ ਦੇਖਭਾਲ ਕਿਵੇਂ ਅਤੇ ਕਦੋਂ ਪ੍ਰਾਪਤ ਕੀਤੀ ਜਾਵੇ।

ਹਾਲਾਂਕਿ, ਦੁਰਘਟਨਾਵਾਂ ਅਤੇ ਐਮਰਜੈਂਸੀ ਦੀਆਂ ਸਥਿਤੀਆਂ ਵਾਪਰ ਸਕਦੀਆਂ ਹਨ। ਕੁਝ ਅਜਿਹੇ ਉਪਾਅ ਹਨ, ਜੋ ਤੁਸੀਂ ਐਮਰਜੈਂਸੀ ਦੀ ਸਥਿਤੀ ਵਿੱਚ ਤਿਆਰੀ ਲਈ ਅਤੇ ਖੁਦ ਦੀ ਜਾਂ ਦੂਜਿਆਂ ਦੀ ਮਦਦ ਲਈ ਬਿਹਤਰ ਢੰਗ ਨਾਲ ਤਿਆਰ ਹੋਣ ਲਈ ਕਰ ਸਕਦੇ ਹੋ।

## ਮੈਂ ਐਮਰਜੈਂਸੀ ਲਈ ਤਿਆਰੀ ਕਿਵੇਂ ਕਰਾਂ?

1. ਕੀਟਨਾਸ਼ਕ ਲੇਬਲ ਪੜ੍ਹੋ:
   a. ਫਸਟ ਏਡ ਵਾਲੇ ਭਾਗ ਵਿੱਚ ਸੂਚੀਬੱਧ ਹੈ ਕਿ ਜੇ ਤੁਸੀਂ ਜਾਂ ਦੂਜੇ ਕੀਟਨਾਸ਼ਕਾਂ ਦੇ ਪ੍ਰਭਾਵ ਵਿੱਚ ਆ ਜਾਓ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ।
   b. ਸਾਵਧਾਨੀ ਵਾਲੇ ਕਥਨਾਂ ਵਿੱਚ ਲੋਕਾਂ ਨੂੰ ਹੋਣ ਵਾਲੇ ਖ਼ਤਰੇ ਅਤੇ ਖੁਦ ਦੀ ਸੁਰੱਖਿਆ ਲਈ ਤਰੀਕੇ ਸੂਚੀਬੱਧ ਹਨ, ਜਿਵੇਂ ਪਹਿਨਣ ਲਈ PPE ਜਾਂ ਵਰਤਣ ਲਈ ਇੰਜੀਨੀਅਰਿੰਗ ਨਿਯੰਤਰਣ।
2. ਸੁਰੱਖਿਆ ਡੇਟਾ ਸ਼ੀਟਾਂ ਮੁੱਢਲੀ ਡਾਕਟਰੀ ਸਹਾਇਤਾ, ਸੰਭਾਵੀ ਲੱਛਣਾਂ, ਅਤੇ ਐਮਰਜੈਂਸੀ ਮੈਡੀਕਲ ਉਪਕਰਨ ਬਾਰੇ ਜਾਣਕਾਰੀ ਮੁਹੱਈਆ ਕਰਦੀਆਂ ਹਨ।

**ਬੇਦਾਵਾ: ਇਹ ਲੀਫ਼ਲੈਟ (ਪਰਚਾ) ਐਮਰਜੈਂਸੀ ਮੈਡੀਕਲ ਦੇਖਭਾਲ ਜਾਂ ਮੈਡੀਕਲ ਪੇਸ਼ਾਵਰ ਦੀ ਸਲਾਹ ਦੀ ਥਾਂ 'ਤੇ ਨਹੀਂ ਹੈ। ਇੱਕ ਸਿੱਖਿਅਤ ਫਸਟ ਏਡ ਪ੍ਰਦਾਤਾ ਕਿਸੇ ਸੱਟ ਜਾਂ ਬੀਮਾਰੀ ਨੂੰ ਬਦਤਰ ਹੋਣ ਤੋਂ ਰੋਕ ਸਕਦਾ ਹੈ, ਪਰ ਉਹ ਤੁਹਾਨੂੰ ਜਾਂ ਕਿਸੇ ਬੀਮਾਰ ਵਿਅਕਤੀ ਨੂੰ ਐਮਰਜੈਂਸੀ ਮੈਡੀਕਲ ਦੇਖਭਾਲ ਲਈ ਲਿਜਾਣ ਦੀਆਂ ਤੁਹਾਡੇ ਮਾਲਕ ਦੀਆਂ ਜ਼ਿੰਮੇਵਾਰੀਆਂ ਦੀ ਥਾਂ 'ਤੇ ਨਹੀਂ ਹੈ।**

3. ਗਰਮੀ ਦੇ ਦਬਾਅ ਅਤੇ ਕੀਟਨਾਸ਼ਕਾਂ ਦੇ ਪ੍ਰਭਾਵ, ਦੋਵਾਂ ਦੇ ਚਿੰਨ੍ਹ ਅਤੇ ਲੱਛਣਾਂ ਨੂੰ ਜਾਣੋ। ਦੋਵਾਂ ਲਈ ਫਸਟ ਏਡ ਸਬੰਧੀ ਇਲਾਜ ਅਤੇ ਤੁਹਾਡੇ ਮਾਲਕ ਦੀਆਂ ਜਵਾਬ ਪ੍ਰਕਿਰਿਆਵਾਂ ਬਾਰੇ ਜਾਣੋ, ਐਮਰਜੈਂਸੀ ਮੈਡੀਕਲ ਸੁਵਿਧਾ (ਫੈਸਿਲਿਟੀ) ਦੇ ਨਾਂ ਅਤੇ ਸਥਾਨ ਸਮੇਤ।
4. ਯਕੀਨੀ ਬਣਾਓ ਕਿ ਤੁਸੀਂ ਜਾਣਦੇ ਹੋ ਕਿ ਤੁਹਾਡਾ ਸ਼ੁਧੀਕਰਨ ਸਮਾਨ ਅਤੇ ਕੀਟਨਾਸ਼ਕ ਫਸਟ ਏਡ ਦੀ ਕਿੱਟ ਕਿੱਥੇ ਹਨ।
5. ਹਮੇਸ਼ਾ ਜਾਣੋ ਕਿ ਤੁਸੀਂ ਕਿੱਥੇ ਹੋ। ਤੁਹਾਨੂੰ ਐਮਰਜੈਂਸੀ ਦੇ ਕਰਮਚਾਰੀ ਨੂੰ ਆਪਣਾ ਸਥਾਨ ਦੱਸਣ ਦੀ ਲੋੜ ਪੈ ਸਕਦੀ ਹੈ।
6. ਜਾਣੋ ਕਿ ਐਮਰਜੈਂਸੀ ਦੀਆਂ ਸਥਿਤੀਆਂ ਨਾਲ ਕਿਵੇਂ ਨਿਪਟਿਆ ਜਾਵੇ। ਅਜਿਹਾ ਕਰਨ ਦਾ ਇੱਕ ਤਰੀਕਾ ਫਸਟ ਏਡ ਜਾਂ CPR (cardiopulmonary resuscitation) ਕੋਰਸ ਵਿੱਚ ਨਾਮਾਂਕਨ ਕਰਨਾ ਹੈ।

## ਐਮਰਜੈਂਸੀ ਵਿੱਚ ਮੈਨੂੰ ਕੀ ਕਰਨਾ ਚਾਹੀਦਾ ਹੈ:

- ਦੂਜਿਆਂ ਦੀ ਮਦਦ ਕਰਨ ਤੋਂ ਪਹਿਲਾਂ ਹਮੇਸ਼ਾ ਖੁਦ ਨੂੰ ਸੁਰੱਖਿਅਤ ਕਰੋ।
- ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਕੀਟਨਾਸ਼ਕਾਂ ਤੋਂ ਬੀਮਾਰ ਹੋਏ ਹੋ, ਤਾਂ ਤੁਹਾਨੂੰ ਫੌਰਨ ਕੰਮ ਬੰਦ ਕਰਕੇ ਉਸ ਥਾਂ ਤੋਂ ਚਲੇ ਜਾਣਾ ਚਾਹੀਦਾ ਹੈ, ਫਿਰ ਜਿੰਨੀ ਜਲਦੀ ਹੋ ਸਕੇ ਮੈਡੀਕਲ ਦੇਖਭਾਲ ਲੈਣੀ ਚਾਹੀਦੀ ਹੈ।
- ਜੇ ਤੁਹਾਨੂੰ ਲੱਗਦਾ ਹੈ ਕਿ ਕੋਈ ਹੋਰ ਬੀਮਾਰ ਹੈ, ਤਾਂ ਉਸ ਵਿਅਕਤੀ ਨੂੰ ਕੀਟਨਾਸ਼ਕਾਂ ਤੋਂ ਦੂਰ ਲੈ ਜਾਓ, ਜੇ ਤੁਸੀਂ ਖੁਦ ਨੂੰ ਨੁਕਸਾਨ ਪਹੁੰਚਾਏ ਬਿਨਾਂ ਅਜਿਹਾ ਕਰ ਸਕਦੇ ਹੋ। ਯਾਦ ਰੱਖੋ ਬੀਮਾਰ ਵਿਅਕਤੀ ਦੇ ਸਰੀਰ 'ਤੇ ਕੀਟਨਾਸ਼ਕ ਲੱਗੇ ਹੋ ਸਕਦੇ ਹਨ ਜਾਂ ਉਹ ਅਜਿਹੇ ਖੇਤਰ ਵਿੱਚ ਕੰਮ ਕਰ ਰਿਹਾ ਹੋ ਸਕਦਾ ਹੈ, ਜਿੱਥੇ ਤੁਹਾਡੇ 'ਤੇ ਕੀਟਨਾਸ਼ਕ ਲੱਗ ਸਕਦੇ ਹਨ।
- ਤੁਰੰਤ ਮਦਦ ਪ੍ਰਾਪਤ ਕਰੋ। ਆਪਣੇ ਸੁਪਰਵਾਈਜ਼ਰ ਨੂੰ ਦੱਸੋ। ਜੇਕਰ ਤੁਹਾਡੇ ਕੋਲ ਫ਼ੋਨ ਹੈ, ਤਾਂ 911 ਤੇ ਕੱਲ ਕਰੋ। 911 ਡਿਸਪੈਚਰ ਨੂੰ ਸਥਾਨ ਅਤੇ ਐਮਰਜੈਂਸੀ ਦਾ ਪ੍ਰਕਾਰ ਦੱਸੋ, ਅਤੇ ਇਹ ਵੀ ਦੱਸੋ ਕਿ ਕਿਹੜਾ(ੜੇ) ਕੀਟਨਾਸ਼ਕ ਸ਼ਾਮਲ ਹੈ(ਹਨ)। ਕੀਟਨਾਸ਼ਕ ਲੇਬਲ ਆਪਣੇ ਕੋਲ ਰੱਖੋ ਅਤੇ ਡਿਸਪੈਚਰ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।
- ਕੀਟਨਾਸ਼ਕਾਂ ਨੂੰ ਬੀਮਾਰ ਵਿਅਕਤੀ ਦੇ ਸਰੀਰ ਵਿੱਚ ਜਾਣ ਜਾਂ ਉਸਦੇ ਉੱਤੇ ਪੈਣ ਤੋਂ ਰੋਕਣ ਦੀ ਕੋਸ਼ਿਸ਼ ਕਰੋ। ਹੇਠਾਂ ਤੁਸੀਂ ਜਾਣ ਸਕਦੇ ਹੋ ਕਿ ਫਸਟ ਏਡ ਦੀਆਂ ਪ੍ਰਕਿਰਿਆਵਾਂ ਕਿਵੇਂ ਹੁੰਦੀਆਂ ਹਨ।
- ਜੇ ਤੁਸੀਂ ਬੀਮਾਰ ਹੋ, **ਤਾਂ ਖੁਦ ਡ੍ਰਾਈਵ ਨਾ ਕਰੋ।** ਕਿਸੇ ਹੋਰ ਬੀਮਾਰ ਵਿਅਕਤੀ ਨੂੰ ਵੀ ਡ੍ਰਾਈਵ ਨਾ ਕਰਨ ਦਿਓ। ਤੁਹਾਡੇ ਮਾਲਕ ਲਈ ਤੁਹਾਨੂੰ ਤੁਰੰਤ ਡਾਕਟਰ ਕੋਲ ਲਿਜਾਣਾ ਜ਼ਰੂਰੀ ਹੈ।

**ਯਾਦ ਰੱਖੋ: ਇਹ ਸਮੱਸਿਆ ਕੀਟਨਾਸ਼ਕਾਂ ਕਾਰਨ ਹੋਈ ਨਹੀਂ ਵੀ ਹੋ ਸਕਦੀ। ਇਹ ਕੁਝ ਹੋਰ ਹੋ ਸਕਦਾ ਹੈ, ਜਿਵੇਂ ਦਿਲ ਦਾ ਦੌਰਾ ਜਾਂ ਦਿਲ ਦੀ ਬੀਮਾਰੀ।**




## ਕੀਟਨਾਸ਼ਕ ਮੇਰੇ ਸਰੀਰ ਦੇ ਅੰਦਰ ਕਿਵੇਂ ਜਾ ਸਕਦੇ ਹਨ?

ਚਾਰ ਮੁੱਖ ਤਰੀਕੇ ਹਨ:

1. ਸਾਹ ਰਾਹੀਂ ਉਨ੍ਹਾਂ ਦਾ ਅੰਦਰ ਜਾਣਾ।
2. ਉਨ੍ਹਾਂ ਦਾ ਤੁਹਾਡੀ ਚਮੜੀ ਤੇ ਲੱਗਣਾ।
3. ਉਨ੍ਹਾਂ ਦਾ ਤੁਹਾਡੀਆਂ ਅੱਖਾਂ ਵਿੱਚ ਜਾਣਾ।
4. ਉਨ੍ਹਾਂ ਨੂੰ ਨਿਗਲਣਾ।

# ਫਸਟ ਏਡ ਅਤੇ ਐਮਰਜੈਂਸੀ ਕੀਟਾਣੂ ਰਹਿਤ ਕਰਨ ਦੀਆਂ ਪ੍ਰਕਿਰਿਆਵਾਂ

## ਕੀਟਨਾਸ਼ਕਾਂ ਦਾ ਸਾਹ ਰਾਹੀਂ ਅੰਦਰ ਜਾਣਾ

ਤੁਹਾਡੇ ਮੂੰਹ ਜਾਂ ਨੱਕ ਰਾਹੀਂ ਕੀਟਨਾਸ਼ਕ ਤੁਹਾਡੇ ਸਾਹ ਅੰਦਰ ਜਾ ਸਕਦੇ ਹਨ। ਇਹ ਇਸਤੇਮਾਲ ਦੇ ਸਮੇਂ ਵਾਸ਼ਪ ਜਾਂ ਮਿੱਟੀ ਵਿੱਚ ਸਾਹ ਨਾਲ, ਜਾਂ ਇਲਾਜ ਕੀਤੇ ਖੇਤਰਾਂ ਵਿੱਚ ਦਾਖ਼ਲ ਹੋਣ 'ਤੇ ਹੋ ਸਕਦਾ ਹੈ, ਕੀਟਨਾਸ਼ਕ ਦੇ ਉੱਡਣ ਸਮੇਤ।

**ਕੀਟਨਾਸ਼ਕਾਂ ਵਿੱਚ ਸਾਹ ਲੈਣ ਲਈ ਫਸਟ ਏਡ:**

- ਬਾਹਰ, ਖੁਦ ਜਾਂ ਪ੍ਰਭਾਵਿਤ ਵਿਅਕਤੀ ਨੂੰ ਕਿਸੇ ਅਜਿਹੀ ਥਾਂ ਲੈ ਕੇ ਜਾਓ, ਜਿੱਥੇ ਹਵਾ ਸਾਫ਼ ਹੋਵੇ ਅਤੇ ਕੀਟਨਾਸ਼ਕ ਦੇ ਇਸਤੇਮਾਲ ਵਾਲੀ ਥਾਂ ਤੋਂ ਦੂਰ ਹੋਵੇ। ਖੁੱਲ੍ਹੇ ਖੇਤਰਾਂ ਵਿੱਚ, ਘੱਟੋ ਘੱਟ 100 ਫੁੱਟ ਦੂਰ ਜਾਓ। ਜੇ ਹਵਾ ਚੱਲ ਰਹੀ ਹੋਵੇ, ਤਾਂ ਯਕੀਨੀ ਬਣਾਓ ਕਿ ਹਵਾ ਦਾ ਵਹਾਅ ਕੀਟਨਾਸ਼ਕ ਨੂੰ ਤੁਹਾਡੇ ਤੋਂ ਦੂਰ ਲਿਜਾ ਰਿਹਾ ਹੈ।
- ਜੇ ਪ੍ਰਭਾਵਿਤ ਵਿਅਕਤੀ ਬੰਦ ਖੇਤਰ ਵਿੱਚ ਹੈ, ਜਿਵੇਂ ਕਿ ਵੌਲਟ, ਬੌਕਸਕਾਰ, ਜਾਂ ਤਰਪਾਲ ਨਾਲ ਢਕੀ ਵਸਤੂ ਦਾ ਸਟ੍ਰਕਚਰ, ਤਾਂ ਉਦੋਂ ਤੱਕ ਅੰਦਰ ਨਾ ਜਾਓ, ਜਦੋਂ ਤੱਕ ਤੁਸੀਂ ਸਵੈ-ਸਮਿਲਿਤ ਸਵਾਸ ਉਪਕਰਨ (SCBA) ਜਾਂ ਹੋਰ ਸਪਲਾਈਡ-ਹਵਾ ਰੈਸਪੀਰੇਟਰ (ਸ਼ਵਾਸ ਯੰਤਰ) ਨਾ ਪਹਿਨ ਲਓ।
- ਜਦੋਂ ਉਸ ਖੇਤਰ ਤੋਂ ਬਾਹਰ ਆ ਜਾਓ, ਤਾਂ ਕਿਸੇ ਵੀ ਉਨ੍ਹਾਂ ਕੱਪੜਿਆਂ ਨੂੰ ਢਿੱਲਾ ਕਰੋ, ਜੋ ਸਾਹ ਲੈਣ ਵਿੱਚ ਮੁਸ਼ਕਲ ਪੈਦਾ ਕਰ ਸਕਦੇ ਹਨ।
- ਜੇ ਪ੍ਰਭਾਵਿਤ ਵਿਅਕਤੀ ਸਾਹ ਨਹੀਂ ਲੈ ਰਿਹਾ ਹੈ, ਤਾਂ ਉਸਨੂੰ CPR ਦਿਓ, ਜੇਕਰ ਤੁਸੀਂ ਜਾਣਦੇ ਹੋ ਕਿ ਕਿਵੇਂ ਦੇਣਾ ਹੈ। ਐਮਰਜੈਂਸੀ ਦੇ ਪ੍ਰਤੀਕਿਰਿਆ ਕਰਨ ਵਾਲੇ ਪਹੁੰਚਣ 'ਤੇ ਆਪਣੇ ਆਪ ਸਥਿਤੀ ਸੰਭਾਲ ਲੈਣਗੇ।
- ਆਪਣੇ ਸੁਪਰਵਾਈਜਰ ਨੂੰ ਸੂਚਿਤ ਕਰੋ ਅਤੇ ਤੁਰੰਤ ਮੈਡੀਕਲ ਇਲਾਜ ਲਈ ਕਹੋ।

## ਤੁਹਾਡੀ ਚਮੜੀ ਉੱਤੇ ਕੀਟਨਾਸ਼ਕ

ਜ਼ਿਆਦਾਤਰ, ਤੁਹਾਡੇ ਸਰੀਰ ਵਿੱਚ ਕੀਟਨਾਸ਼ਕ ਤੁਹਾਡੀ ਚਮੜੀ ਰਾਹੀਂ ਜਾਂਦੇ ਹਨ। ਜਦੋਂ ਤੁਸੀਂ ਇਲਾਜ ਕੀਤੇ ਪੌਦਿਆਂ, ਮਿੱਟੀ, ਸਿੰਜਾਈ ਵਾਲੇ ਪਾਣੀ, ਕੀਟਨਾਸ਼ਕ ਇਸਤੇਮਾਲ ਉਪਕਰਨ, ਅਤੇ ਕੰਮ ਦੇ ਗੰਦੇ ਕੱਪੜਿਆਂ ਨੂੰ ਛੂੰਹਦੇ ਹੋ ਤਾਂ ਕੀਟਨਾਸ਼ਕ ਤੁਹਾਡੀ ਚਮੜੀ 'ਤੇ ਲੱਗ ਸਕਦੇ ਹਨ। ਜੇ ਤੁਸੀਂ ਬਿਨਾਂ ਧੋਤੇ ਹੱਥਾਂ ਨਾਲ ਆਪਣਾ ਫ਼ੋਨ ਜਾਂ ਪਖਾਨਾ ਵਰਤਦੇ ਹੋ, ਤਾਂ ਵੀ ਕੀਟਨਾਸ਼ਕ ਤੁਹਾਡੀ ਚਮੜੀ 'ਤੇ ਲੱਗ ਸਕਦੇ ਹਨ। ਕੁਝ ਕੀਟਨਾਸ਼ਕ ਤੁਹਾਡੀ ਚਮੜੀ ਰਾਹੀਂ ਬਹੁਤ ਤੇਜ਼ੀ ਨਾਲ ਜਾਂਦੇ ਹਨ। ਹੋਰ ਹੌਲੀ-ਹੌਲੀ ਜਾਂਦੇ ਹਨ। ਕਈ ਕੀਟਨਾਸ਼ਕ ਤੁਹਾਡੇ ਕੱਪੜਿਆਂ ਰਾਹੀਂ ਅੰਦਰ ਜਾ ਸਕਦੇ ਹਨ, ਭਾਵੇਂ ਉਹ ਵਾਟਰਪ੍ਰੂਫ਼ ਹੋਣ। ਇਸਲਈ ਤੁਹਾਡੀ ਚਮੜੀ ਜਾਂ ਕੱਪੜਿਆਂ ਉੱਤੇ ਲੱਗੇ ਕਿਸੇ ਵੀ ਕੀਟਨਾਸ਼ਕ ਨੂੰ ਹਟਾਉਣਾ ਜ਼ਰੂਰੀ ਹੈ।




**ਤੁਹਾਡੀ ਚਮੜੀ ਉੱਤੇ ਕੀਟਨਾਸ਼ਕਾਂ ਲਈ ਫਸਟ ਏਡ:**

ਜਿੰਨੀ ਜਲਦੀ ਤੁਸੀਂ ਕੀਟਨਾਸ਼ਕ ਨੂੰ ਧੋਵੋਗੇ, ਓਨੀ ਜਲਦੀ ਹੀ ਪ੍ਰਭਾਵ ਖ਼ਤਮ ਹੋਵੇਗਾ।

- ਉਹ ਕੱਪੜੇ ਉਤਾਰ ਦਿਓ, ਜਿਹਨਾਂ ਉੱਤੇ ਕੀਟਨਾਸ਼ਕ ਲੱਗਿਆ ਹੋਇਆ ਹੈ। ਦੂਸ਼ਤ ਕੱਪੜਿਆਂ ਜਾਂ PPE ਨੂੰ ਤੁਹਾਡੀ ਚਮੜੀ ਦੇ ਸੰਪਰਕ ਵਿੱਚ ਆਉਣ ਤੋਂ ਬਚਾਉਣ ਦੀ ਕੋਸ਼ਿਸ਼ ਕਰੋ।
- ਇਨ੍ਹਾਂ ਨੂੰ ਧੋਣ ਲਈ ਤੁਰੰਤ ਕੀਟਾਣੂ ਰਹਿਤ ਕਰਨ ਵਾਲੇ ਸਾਮਾਨ ਨੂੰ ਵਰਤੋ। ਤੁਸੀਂ ਕੀਟਨਾਸ਼ਕ ਨੂੰ ਧੋਣ ਲਈ ਕਿਸੇ ਨੇੜਲੇ ਪਾਣੀ ਵਾਲੇ ਸਥਾਨ ਦੀ ਵਰਤੋਂ ਵੀ ਕਰ ਸਕਦੇ ਹੋ ਅਤੇ ਬਾਅਦ ਵਿੱਚ ਕੀਟਾਣੂ ਰਹਿਤ ਕਰਨ ਵਾਲੇ ਸਾਮਾਨ ਅਤੇ ਸਾਬੁਣ ਨਾਲ ਸਾਫ਼ ਕਰ ਸਕਦੇ ਹੋ।
- ਜਿੰਨੀ ਜਲਦੀ ਹੋ ਸਕੇ, ਆਪਣੀ ਚਮੜੀ ਅਤੇ ਵਾਲਾਂ ਨੂੰ ਸਾਬੁਣ ਅਤੇ ਸ਼ੈਂਪੂ ਨਾਲ ਧੋਵੋ।
- ਜੇ ਤੁਹਾਨੂੰ ਰਸਾਇਣ ਨਾਲ ਸਾੜ (ਬਰਨਸ) ਹੋ ਗਏ ਹਨ, ਤਾਂ ਫਸਟ ਏਡ ਇਲਾਜ ਵਿੱਚ, ਮਲ੍ਹਮ, ਲੋਸ਼ਨ, ਪਾਊਡਰ, ਅਤੇ ਹੋਰ ਦਵਾਈਆਂ ਵਰਤਣ ਤੋਂ ਬਚੋ।
- ਸਿਰਫ਼ ਸਾਫ਼ ਕੱਪੜੇ ਹੀ ਪਾਓ।
- ਆਪਣੇ ਸੁਪਰਵਾਈਜਰ ਨੂੰ ਸੂਚਿਤ ਕਰੋ ਅਤੇ ਤੁਰੰਤ ਮੈਡੀਕਲ ਇਲਾਜ ਲਈ ਕਹੋ।

## ਤੁਹਾਡੀਆਂ ਅੱਖਾਂ ਵਿੱਚ ਕੀਟਨਾਸ਼ਕ

ਕੀਟਨਾਸ਼ਕ ਤੁਹਾਡੀਆਂ ਅੱਖਾਂ ਵਿੱਚ ਕੀਟਨਾਸ਼ਕਾਂ ਦੇ ਉੱਡਣ ਨਾਲ ਜਾਂ ਦੂਸ਼ਤ ਧੂੜ ਜਾਂ ਸਮੱਗਰੀ ਜਾ ਸਕਦੇ ਹਨ, ਜਾਂ ਜੇ ਤੁਸੀਂ ਆਪਣੇ ਦਸਤਾਨਿਆਂ ਜਾਂ ਬਿਨਾਂ ਧੋਤੇ ਹੱਥਾਂ ਨਾਲ ਆਪਣੀਆਂ ਅੱਖਾਂ ਮਲਦੇ ਹੋ।

### ਤੁਹਾਡੀ ਅੱਖਾਂ ਵਿੱਚ ਕੀਟਨਾਸ਼ਕਾਂ ਲਈ ਫਸਟ ਏਡ:

ਤੁਹਾਡੀ ਕੀਟਨਾਸ਼ਕ ਸੁਰੱਖਿਆ ਟ੍ਰੇਨਿੰਗ ਦੇ ਹਿੱਸੇ ਵਜੋਂ, ਤੁਹਾਡਾ ਮਾਲਕ ਐਮਰਜੈਂਸੀ ਵਿੱਚ ਅੱਖਾਂ ਧੋਣ ਦੀਆਂ ਤਕਨੀਕਾਂ ਸ਼ਾਮਲ ਕਰੇਗਾ। ਕੁਝ ਉਪਯੋਗੀ ਸੁਝਾਅ ਹਨ:

- ਅੱਖਾਂ ਨੂੰ ਬਹੁਤ ਸਾਰੇ ਸਾਫ਼ ਪਾਣੀ ਨਾਲ ਧੋਵੋ। ਫੁਹਾਰੇ ਵਿੱਚ ਧੋਣਾ ਠੀਕ ਹੈ, ਪਰ ਤੇਜ਼ ਫੁਹਾਰ ਨਾ ਵਰਤੋ। ਨਹੀਂ ਤਾਂ, ਆਪਣੀਆਂ ਅੱਖਾਂ ਉੱਤੇ ਪਾਣੀ ਪਾਓ ਜਾਂ ਟੂਟੀ ਜਾਂ ਨਲੀ ਵਿੱਚੋਂ ਹਲਕਾ ਪ੍ਰਵਾਹ ਵਰਤੋ।
- ਘੱਟੋ ਘੱਟ 15 ਮਿੰਟ ਤੱਕ ਧੋਂਦੇ ਰਹੋ।
- ਸੱਟ ਵਾਲੀ ਅੱਖ ਨੂੰ ਬਿਨਾਂ ਸੱਟ ਵਾਲੀ ਅੱਖ ਤੋਂ ਥੋੜ੍ਹਾ ਥੱਲੇ ਵੱਲ ਰੱਖੋ। ਜਿਸ ਅੱਖ ਵਿੱਚ ਕੀਟਨਾਸ਼ਕ ਗਿਆ ਹੈ, ਉਸਨੂੰ ਦੂਜੀ ਅੱਖ ਖੁੱਲ੍ਹੀ ਰੱਖ ਕੇ ਪਾਣੀ ਨਾਲ ਨਾ ਧੋਵੋ।
- ਜੇ ਅੱਖਾਂ ਵਿੱਚ ਕਾਂਟੈਕਟ ਲੈਂਸ ਲੱਗੇ ਹੋਏ ਹਨ, ਤਾਂ ਤੁਰੰਤ ਲੈਂਸ 'ਤੇ ਛਿੱਟੇ ਮਾਰਨਾ ਸ਼ੁਰੂ ਕਰੋ। ਉਸਦੇ ਬਾਅਦ, ਜੇ ਸੰਭਵ ਹੋਵੇ, ਤਾਂ ਲੈਂਸ ਉਤਾਰ ਦਿਓ। ਲੈਂਸ ਨਾਲ ਅੱਖ ਵਿੱਚ ਹੇਠਾਂ ਰਸਾਇਣ ਰਹਿ ਸਕਦਾ ਹੈ।
- ਅੱਖਾਂ ਨੂੰ ਧੋਂਦੇ ਸਮੇਂ ਇਨ੍ਹਾਂ ਨੂੰ ਝਪਕਾਓ।
- ਕਿਸੇ ਦੀਆਂ ਅੱਖਾਂ ਨੂੰ ਜਬਰਦਸਤੀ ਨਾ ਖੋਲ੍ਹੋ।
- ਧੋਣ ਵਾਲੇ ਪਾਣੀ ਵਿੱਚ ਕੋਈ ਦਵਾਈ ਜਾਂ ਕੋਈ ਹੋਰ ਪਦਾਰਥ ਨਾ ਪਾਓ। ਧੋਣ ਤੋਂ ਬਾਅਦ ਕੋਈ ਦਵਾਈ ਜਾਂ ਲੋਸ਼ਨ ਨਾ ਵਰਤੋ। ਅੱਖਾਂ 'ਤੇ ਪੱਟੀ ਨਾ ਬੰਨ੍ਹੋ।
- ਆਪਣੇ ਸੁਪਰਵਾਈਜਰ ਨੂੰ ਸੂਚਿਤ ਕਰੋ ਅਤੇ ਤੁਰੰਤ ਮੈਡੀਕਲ ਇਲਾਜ ਪ੍ਰਾਪਤ ਕਰੋ।




## ਕੀਟਨਾਸ਼ਕਾਂ ਨੂੰ ਖਾਣਾ ਜਾਂ ਨਿਗਲਣਾ

- ਜੇ ਤੁਸੀਂ ਪਹਿਲਾਂ ਆਪਣੇ ਹੱਥ ਧੋਤੇ ਬਿਨਾਂ ਕੁਝ ਪੀਂਦੇ, ਤੰਮਾਕੂਨੋਸ਼ੀ ਕਰਦੇ ਜਾਂ ਖਾਂਦੇ ਹੋ ਤਾਂ ਕੀਟਨਾਸ਼ਕ ਤੁਹਾਡੇ ਤੋਂ ਹੱਥਾਂ ਤੋਂ ਤੁਹਾਡੇ ਮੂੰਹ ਵਿੱਚ ਜਾ ਸਕਦੇ ਹਨ।
- ਇਲਾਜ ਕੀਤੇ ਪੌਦਿਆਂ ਤੇ ਲੱਗੇ ਕੀਟਨਾਸ਼ਕ ਰਹਿੰਦ-ਖੂੰਹਦ ਇਲਾਜ ਕੀਤੇ ਖੇਤਰ ਵਿੱਚ ਲਿਆਂਦੇ ਭੋਜਨ, ਪੀਣ ਵਾਲੇ ਪਦਾਰਥ, ਜਾਂ ਸਿਗਰੇਟ ਵਿੱਚ ਜਾ ਸਕਦੀ ਹੈ।
- ਕੀਟਨਾਸ਼ਕਾਂ ਨੂੰ ਸਾਂਭਣ ਲਈ ਵਰਤੇ ਗਏ ਕੰਟੇਨਰ ਵਿੱਚੋਂ ਕੁਝ ਵੀ ਖਾਓ ਜਾਂ ਪੀਓ ਨਾ, ਭਾਵੇਂ ਇਸਨੂੰ ਧੋਤਾ ਗਿਆ ਹੋਵੇ।
- ਸਿੰਜਾਈ ਵਾਲਾ ਪਾਣੀ ਨਾ ਪੀਓ।
- ਆਮ ਤੌਰ ਤੇ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਲਈ ਵਰਤੇ ਜਾਣ ਵਾਲੇ ਕੰਟੇਨਰਾਂ ਵਿੱਚ ਕੀਟਨਾਸ਼ਕ ਨਾ ਸਾਂਭੋ। ਇਸਦੇ ਨਤੀਜੇ ਵਜੋਂ ਲੋਕ ਅਕਸਰ ਗਲਤੀ ਨਾਲ ਕੀਟਨਾਸ਼ਕ ਪੀ ਜਾਂ ਖਾ ਲੈਂਦੇ ਹਨ। ਇਹ ਉਨ੍ਹਾਂ ਦੇ ਬੀਮਾਰ ਹੋਣ ਜਾਂ ਮੌਤ ਦਾ ਕਾਰਨ ਬਣ ਸਕਦਾ ਹੈ। ਕੀਟਨਾਸ਼ਕਾਂ ਨੂੰ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਦੇ ਕੰਟੇਨਰਾਂ ਵਿੱਚ ਸਾਂਭਣਾ ਗ਼ੈਰਕਾਨੂੰਨੀ ਹੈ।

### ਜੇ ਕੋਈ ਕੀਟਨਾਸ਼ਕ ਨਿਗਲ ਲਵੇ ਤਾਂ ਫਸਟ ਏਡ:

- ਤੁਰੰਤ ਮਦਦ ਪ੍ਰਾਪਤ ਕਰੋ। ਜੇਕਰ ਤੁਹਾਡੇ ਕੋਲ ਫ਼ੋਨ ਹੈ, ਤਾਂ 911 'ਤੇ ਜਾਂ ਕੈਲੀਫ਼ੋਰਨੀਆ ਦੇ ਜ਼ਹਿਰ ਤੇ ਕੰਟਰੋਲ ਕਰਨ ਵਾਲੇ ਸੈਂਟਰ (California Poison Control Center) ਦੇ ਮੁਫ਼ਤ ਫ਼ੋਨ ਨੰਬਰ 1-800-222-1222 'ਤੇ ਫ਼ੋਨ ਕਰੋ।
- ਜੇ ਜ਼ਹਿਰ ਦੇ ਅਸਰ ਹੇਠ ਵਿਅਕਤੀ ਗੁੰਮ ਸੁੰਮ ਜਾਂ ਬੇਹੋਸ਼ ਹੈ ਅਤੇ ਤੁਹਾਡੇ ਕੋਲ ਫ਼ੋਨ ਨਹੀਂ ਹੈ, ਤਾਂ ਉਸਨੂੰ ਤੁਰੰਤ ਡਾਕਟਰ ਕੋਲ ਜਾਂ ਹਸਪਤਾਲ ਲੈ ਜਾਓ। ਉਸਨੂੰ ਕੁਝ ਵੀ ਖਾਣ ਜਾਂ ਪੀਣ ਲਈ ਨਾ ਦਿਓ। ਉਸਨੂੰ ਉਲਟੀ ਕਰਵਾਉਣ ਦੀ ਕੋਸ਼ਿਸ਼ ਨਾ ਕਰੋ।



- ਜੇ ਵਿਅਕਤੀ ਜਾਗਦਾ ਅਤੇ ਹੋਸ਼ ਵਿੱਚ ਹੈ, ਤਾਂ ਲੇਬਲ 'ਤੇ ਲਿਖੀਆਂ ਫਸਟ ਏਡ ਸਬੰਧੀ ਹਿਦਾਇਤਾਂ ਦੀ ਪਾਲਣਾ ਕਰੋ। ਇਹ ਹਿਦਾਇਤਾਂ ਤੁਹਾਨੂੰ ਦੱਸਣਗੀਆਂ ਕਿ ਕਿਹੜੀ ਚੀਜ਼ ਸਹਾਇਕ ਜਾਂ ਖਤਰਨਾਕ ਹੋਏਗੀ। ਉਦਾਹਰਨ ਲਈ, ਵਿਅਕਤੀ ਨੂੰ ਉਲਟੀ ਕਰਵਾਉਣਾ, ਜਾਂ ਉਹਨਾਂ ਨੂੰ ਪੀਣ ਲਈ ਦੁੱਧ ਜਾਂ ਪਾਣੀ ਦੇਣਾ ਸਹਾਇਕ ਹੋ ਸਕਦਾ ਹੈ, ਜਾਂ ਕੀਟਨਾਸ਼ਕ ਦੇ ਆਧਾਰ 'ਤੇ ਇਹ ਖ਼ਤਰਨਾਕ ਵੀ ਹੋ ਸਕਦਾ ਹੈ। ਵਿਅਕਤੀ ਨੂੰ ਉਲਟੀ ਕਰਵਾਉਣ ਲਈ ਕਦੀ ਵੀ ਨਮਕ ਦਾ ਪਾਣੀ ਜਾਂ ਸਰ੍ਹੋਂ ਦਾ ਇਸਤੇਮਾਲ ਨਾ ਕਰੋ। ਕੁਝ ਪੁਰਾਣੇ ਲੇਬਲਾਂ 'ਤੇ ਹਾਲੀਂ ਵੀ ਇਨ੍ਹਾਂ ਚੀਜ਼ਾਂ ਦੀ ਸਿਫ਼ਾਰਿਸ਼ ਕੀਤੀ ਹੋ ਸਕਦੀ ਹੈ, ਪਰ ਉਹ ਸੁਰੱਖਿਅਤ ਨਹੀਂ ਹਨ।
- ਜਿੰਨੀ ਜਲਦੀ ਹੋ ਸਕੇ, ਆਪਣੇ ਸੁਪਰਵਾਈਜ਼ਰ ਨੂੰ ਸੂਚਿਤ ਕਰੋ ਅਤੇ ਤੁਰੰਤ ਮੈਡੀਕਲ ਇਲਾਜ ਪ੍ਰਾਪਤ ਕਰੋ।

## ਡਾਕਟਰ ਨੂੰ ਕੀ ਜਾਣਨ ਦੀ ਲੋੜ ਹੁੰਦੀ ਹੈ?

ਤੁਹਾਡੇ ਮਾਲਕ ਲਈ ਡਾਕਟਰ ਨੂੰ ਜਾਂ ਨਰਸ ਨੂੰ ਸਹੀ-ਸਹੀ ਦੱਸਣਾ ਜ਼ਰੂਰੀ ਹੈ ਕਿ ਤੁਹਾਨੂੰ ਜਾਂ ਹੋਰਾਂ ਨੂੰ ਬੀਮਾਰ ਕਰਨ ਲਈ ਕੀਟਨਾਸ਼ਕ(ਕਾਂ) ਨਾਲ ਕੀ ਵਾਪਰਿਆ ਸੀ। ਤੁਹਾਡੇ ਮਾਲਕ ਨੂੰ ਡਾਕਟਰ ਜਾਂ ਨਰਸ ਨੂੰ ਸੁਚੇਤ ਕਰਨ ਦੀ ਲੋੜ ਹੁੰਦੀ ਹੈ ਕਿ ਵਿਅਕਤੀ ਕੀਟਨਾਸ਼ਕਾਂ ਤੋਂ ਬੀਮਾਰ ਹੋਇਆ ਹੋ ਸਕਦਾ ਹੈ ਤਾਂ ਜੋ ਉਹ ਖੁਦ ਨੂੰ ਤਿਆਰ ਅਤੇ ਸੁਰੱਖਿਅਤ ਕਰ ਸਕਣ। ਤੁਹਾਡੇ ਮਾਲਕ ਨੂੰ ਸ਼ਾਮਲ ਕੀਟਨਾਸ਼ਕ(ਕਾਂ) ਬਾਰੇ ਦੱਸਣ ਅਤੇ ਡਾਕਟਰ ਨੂੰ ਦਿਖਾਉਣ ਲਈ ਕੀਟਨਾਸ਼ਕ(ਕਾਂ) ਬਾਰੇ ਕੋਈ ਵੀ ਜਾਣਕਾਰੀ ਨਾਲ ਲਿਆਉਣ ਦੀ ਲੋੜ ਹੁੰਦੀ ਹੈ। ਇਸ ਜਾਣਕਾਰੀ ਵਿੱਚ ਇਹ ਸ਼ਾਮਲ ਹੋਣਾ ਜ਼ਰੂਰੀ ਹੈ:



### ਆਪਣੇ ਡਾਕਟਰ ਨੂੰ ਇਹ ਦੱਸੋ

**ਕੀਟਨਾਸ਼ਕ(ਕਾਂ) ਦਾ ਨਾਮ:** ______________________________

**ਸਰਗਰਮ ਤੱਤ(s):** ______________________________

______________________________

**EPA ਰਜਿਸਟਰੇਸ਼ਨ ਨੰਬਰ:** ______________________________

**ਕੀਟਨਾਸ਼ਕ ਉੱਤੇ ਦਿੱਤੀ ਸੁਰੱਖਿਆ ਡੇਟਾ ਸ਼ੀਟ (SDS) (ਹਾਂ/ਨਹੀਂ):** ________

**ਕੀਟਨਾਸ਼ਕ ਕਿਵੇਂ ਇਸਤੇਮਾਲ ਕੀਤਾ ਗਿਆ ਸੀ:** ______________________________

______________________________

______________________________

**ਪ੍ਰਭਾਵ ਕਿਵੇਂ ਵਾਪਰਿਆ ਹੋ ਸਕਦਾ ਹੈ:** ______________________________

______________________________

______________________________

ਜੇ ਤੁਹਾਨੂੰ ਆਪਣੀ ਟ੍ਰੇਨਿੰਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਮਿਲ ਸਕਦਾ ਹੈ, ਜਾਂ *1-87PestLine* 'ਤੇ ਫ਼ੋਨ ਕਰੋ, ਜਾਂ ਇੱਥੇ ਜਾਓ: *http://www.cdfa.ca.gov/exec/county/countymap*

**ਡੀਪੀਆਰ ਦੇ ਖੇਤਰੀ ਦਫਤਰ ਹਨ:**

- **ਉੱਤਰੀ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਕਲੋਇਸ) 559/297-3511**
- **ਦੱਖਣੀ (ਐਨਾਹਾਇਮ) 714/279-7690**

ਕੀਟਨਾਸ਼ਕ ਬਾਰੇ ਸ਼ਿਕਾਇਤ ?

**1-87PestLine**

ਜਾਣਕਾਰੀ ਲਾਈਨ

1-877-378-5463

ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ: *https://www.cdpr.ca.gov/docs/whs/psispunjabi.htm*